بِسْمِ اللّٰهِ الرَّحْمٰنِ الرَّحِيْمِ نَحْمَدُهٗ وَنُصَلِّيْ عَلٰى رَسُوْلِهِ الْكَرِيْمِ وَعَلٰى عَبْدِهِ الْمَسِيْحِ الْمَوْعُوْدِ
لَآ اِلٰهَ اِلَّا اللّٰهُ مُحَمَّدٌ رَّسُوْلُ اللّٰهِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਭਾਰਤ

# ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਆਦੇਸ਼ਾਂ ਅਨੁਸਾਰ ਕੁਰਆਨ ਸ਼ਰੀਫ਼ ਦੀਆਂ ਖ਼ੂਬੀਆਂ, ਸਥਾਨ ਅਤੇ ਵੱਡਿਆਈ ਦਾ ਬਿਆਨ ਅਤੇ ਬੰਗਲਾਦੇਸ਼, ਪਾਕਿਸਤਾਨ, ਬਰਕੀਨਾ ਫ਼ਾਸੋ ਅਤੇ ਅਲੱ-ਜਜ਼ਾਇਰ ਦੇ ਅਹਮਦੀਆਂ ਲਈ ਦੁਆ ਦੀ ਤਹਰੀਕ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲ ਮਸੀਹ ਅਲ-ਖਾਮਿਸ ਅੱਯਾਦਾਹੂ ਅੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 03 ਮਾਰਚ 2023 ਮਸਜਿਦ ਮੁਬਾਰਕ, ਇਸਲਾਮਾਬਾਦ, ਤਿਲਫ਼ੋਰਡ (ਯੁ.ਕੇ)**

أَشْهَدُ أَنْ لَّا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ اِيَّاكَ نَعْبُدُ وَاِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ اَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ۔

ਤਸ਼ਹੁਦੱ, ਤਾਊਜ਼ ਅਤੇ ਸੂਰਤੁਲੱ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਕੁਰਆਨ ਸ਼ਰੀਫ਼ ਦੀ ਮੁਆਰਫ਼ਤ ਜੋ ਸਾਨੂੰ ਦਿੱਤੀ ਹੈ ਜਾਂ ਆਪਣੀ ਕਿਤਾਬਾਂ ਅਤੇ ਆਦੇਸ਼ਾਂ'ਚ ਇਸ ਮੁਆਰਫ਼ਤ ਨੂੰ ਸਮਝਣ ਅਤੇ ਉਸ'ਤੇ ਅਮਲ ਕਰਨ ਦੇ ਜੋ ਤਰੀਕੇ ਬਿਆਨ ਕੀਤੇ ਹਨ ਉਨ੍ਹਾਂ ਦਾ ਮੈਂ ਪਿਛਲੇ ਖ਼ੁਤਬੀਆਂ'ਚ ਕੁਝੱ ਬਿਆਨ ਕੀਤਾ ਸੀ। ਕੁਰਆਨ ਸ਼ਰੀਫ਼ ਜੋ ਮੁਆਰਫ਼ਤ ਦਾ ਖ਼ਜ਼ਾਨਾ ਸਾਨੂੰ ਦਿੰਦਾ ਹੈ। ਅਸਲ'ਚ ਇਹੀ ਹੈ, ਜੋ ਬੰਦੇ ਨੂੰ ਰਬੱ ਨਾਲ ਜੋੜ੍ਹਦਾ ਹੈ। ਇਸ ਤੋਂ ਬਿਨ੍ਹਾਂ ਰਬੱ ਨੂੰ ਪਾਉਣ ਦਾ ਕੋਈ ਤਰੀਕਾ ਨਹੀਂ ਹੈ। ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਆਪਣੀ ਇਕੱ ਪੰਕਤੀ'ਚ ਫ਼ਰਮਾਉਂਦੇ ਹਨ ਕਿ

ਕੁਰਆਨ ਖ਼ੁਦਾ ਨੁਮਾ ਹੈ ਖ਼ੁਦਾ ਕਾ ਕਲਾਮ ਹੈ        ਬੈ ਇਸ ਕੇ ਮੁਆਰਫ਼ਤ ਕਾ ਚਮਨ ਨ ਤਮਾਮ ਹੈ

ਸੋ ਇਹ ਉਹ ਨੁਕਤਾ ਹੈ ਜਿਸ ਨੂੰ ਸਦਾ ਸਾਨੂੰ ਆਪਣੇ ਸਾਮ੍ਹਣੇ ਰਖੱਣਾ ਚਾਹੀਦਾ ਹੈ। ਜੇਕਰ ਰਬੱ ਦੀ ਨੇੜ੍ਹਤਾ ਅਤੇ ਉਸ ਦੀ ਖ਼ੁਸ਼ੀ ਚਾਹੁੰਦੇ ਹੋ, ਜੇਕਰ ਆਪਣਾ ਸੰਸਾਰ ਅਤੇ ਅੰਤ ਸੰਵਾਰਨਾ ਚਾਹੁੰਦੇ ਹੋ। ਤਾਂ ਇਹ ਯਾਦ ਰਖੱਣਾ ਚਾਹੀਦਾ ਹੈ। ਇਹ ਗਲੱ੍ਹ ਵੀ ਨਜ਼ਰ'ਚ ਹੋਣੀ ਚਾਹੀਦੀ ਹੈ ਕਿ ਕੁਰਆਨ ਸ਼ਰੀਫ਼ ਦੀ ਮੁਆਰਫ਼ਤ ਦਾ ਲਾਭ ਚੁਕੱਣ ਲਈ ਵੀ ਰਬੱ ਦੇ ਭੇਜੇ ਮਾਰਗ ਦਰਸ਼ਕ ਦੀ ਲੋੜ੍ਹ ਹੈ। ਜੋ ਇਸ ਜ਼ਮਾਨੇ'ਚ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਸੱਚੇ ਗੁਲਾਮ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਹਨ। ਆਪ ਅਲੈਹਿ ਸਲਾਮ ਨੇ ਕੁਰਆਨ ਸ਼ਰੀਫ਼ ਦੇ ਵਖੱ ਵਖੱ ਪੱਖਾਂ'ਤੇ ਜਿਵੇਂ ਚਾਨਣ ਪਾਇਆ ਹੈ ਅਤੇ ਉਸ ਦੇ ਹੁਸਨ ਤੋਂ ਜਾਣੂ ਕਰਵਾਇਆ ਹੈ। ਇਸ ਬਾਰੇ ਕੁਝੱ ਬਿਆਨ ਪਿਛਲੇ ਦੋ ਖ਼ੁਤਬੀਆਂ'ਚ ਕੀਤਾ ਸੀ। ਇਹ ਸਿਲਸਿਲਾ ਹਾਲੇ ਜਾਰੀ ਹੈ ਅਤੇ ਇਸ ਬਾਰੇ ਕਾਫ਼ੀ ਕੁਝੱ ਬਿਆਨ ਕਰਨ ਯੋਗ ਹੈ। ਅਜੱ ਵੀ ਇਸ ਸਿਲਸਿਲੇ ਨੂੰ ਜਾਰੀ ਰਖੱਦੇ ਹੋਏ ਮੈਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਆਦੇਸ਼ਾਂ ਦੇ ਚਾਨਣ'ਚ ਕੁਰਆਨ ਸ਼ਰੀਫ਼ ਦੀ ਖ਼ੂਬੀਆਂ, ਸਥਾਨ ਅਤੇ ਮਹਤੱਤਾ ਦਾ ਜ਼ਿਕਰ ਕਰਾਂਗਾ।

ਇਸ ਬਾਰੇ ਕਿ ਕੁਰਆਨ ਸ਼ਰੀਫ਼ ਰਬੱ ਦਾ ਕਲਾਮ ਹੈ, ਲਾਲਾ ਭੀਮ ਸੈਨ ਦੇ ਨਾਂ ਇਕੱ ਪਤੱਰ'ਚ ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਹੁਣੇ ਕੁਝੱ ਦਿਨ ਪਹਿਲਾਂ ਦੀ ਗਲੱ ਹੈ ਕਿ ਲੈਖ ਰਾਮ ਨਾਂ ਦਾ ਇਕੱ ਬ੍ਰਾਹਮਣ ਜੋ ਆਰੀਆ ਸੀ। ਮੇਰੇ ਕੋਲ੍ਹ ਕਾਦੀਆਂ ਆਇਆ ਅਤੇ ਕਿਹਾ ਕਿ ਵੈਦ ਰਬੱ ਦਾ ਕਲਾਮ ਹੈ। ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਮੈਂ ਕੁਰਆਨ ਸ਼ਰੀਫ਼ ਨੂੰ ਰਬੱ ਦਾ ਕਲਾਮ ਜਾਣਦਾ ਹਾਂ। ਕਿਉਂਕਿ ਨ ਇਸ'ਚ ਦਵੈਤਵਾਦ ਦੀ ਸਿਖਿੱਆ ਹੈ ਅਤੇ ਨ ਕੋਈ ਹੋਰ ਅਪਵਿਤੱਰ ਸਿਖਿੱਆ ਹੈ। ਇਸ ਦੀ ਪੈਰਵੀ ਨਾਲ ਜ਼ਿੰਦਾ ਰਬੱ ਦਾ ਚਿਹਰਾ ਨਜ਼ਰ ਆ ਜਾਂਦਾ ਹੈ ਅਤੇ ਚਮਤਕਾਰ ਪ੍ਰਕਟ ਹੁੰਦੇ ਹਨ। ਸੋ ਰਬੱ ਦੇ ਕਲਾਮ ਹੋਣ ਦੀ ਸ਼ਰਤ ਇਹ ਹੈ ਕਿ ਉਹ ਦਵੈਤਵਾਦ ਤੋਂ ਪਾਕ ਹੋਵੇ ਅਤੇ ਉਸ'ਤੇ ਅਮਲ ਕਰਨ ਨਾਲ ਰਬੱ ਦਾ ਚਿਹਰਾ ਨਜ਼ਰ ਆਵੇ।

ਕੁਰਆਨ ਸ਼ਰੀਫ਼ ਨੇ ਰਬੱ ਦਾ ਚਿਹਰਾ ਵਿਖਾਉਣ'ਚ ਕਿਵੇਂ ਆਪਣਾ ਕਿਰਦਾਰ ਅਦਾ ਕੀਤਾ ਹੈ, ਇਸ ਗਲ੍ਹ ਨੂੰ ਸਹਾਬੀਆਂ ਦੀ ਜ਼ਿੰਦਗੀਆਂ'ਚ ਵੇਖਾ ਜਾ ਸਕਦਾ ਹੈ। ਸਹਾਬੀਆਂ ਦੇ ਜੀਵਨ'ਚ ਕੁਰਆਨੀ ਸਿਖਿੱਆਵਾਂ ਦਾ ਪ੍ਰਭਾਂਵ ਬਿਆਨ ਕਰਦੇ ਹੋਏ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦਾ ਜ਼ਮਾਨਾ ਜੋ ਸਦਰ ਇਸਲਾਮ ਦਾ ਸਮੇਂ ਸੀ ਇਸ ਜ਼ਮਾਨੇ'ਤੇ ਇਕੱ ਡੂੰਗੀ ਨਜ਼ਰ ਪਾਉਣ ਨਾਲ ਸਪਸ਼ੱਟ ਹੁੰਦਾ ਹੈ ਕਿ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਸਿਖਿੱਆ ਨੇ ਕਿਵੇਂ ਵਿਸ਼ਵਾਸ ਲਿਆਉਣ ਵਾਲੀਆਂ ਨੂੰ ...ਨੀਵੇਂ ਦਰਜੇ ਤੋਂ ਉਚੱਤਮ ਦਰਜੇ ਤਕੱ ਪਹੁੰਚਾ ਦਿੱਤਾ ...ਰਬੱ ਨੇ ਇਕੱ ਪਾਕ ਰੂਹ ਨਾਲ ਉਨ੍ਹਾਂ ਦੀ ਮਦਦ ਕੀਤੀ...ਉਹ...ਨ ਕੇਵਲ ਇਸ ਦਰਜੇ'ਤੇ ਰਹੇ ਕਿ ਆਪਣੇ ਪਾਪਾਂ ਅਤੇ ਕਮੀਆਂ ਨੂੰ ਸਮਝਣ ਅਤੇ ਉਨ੍ਹਾਂ ਦੀ ਬੂ ਤੋਂ ਬਚਣ, ਸਗੋਂ ਉਹ ਨੇਕੀ ਵਲ੍ਹ ਇੰਨ੍ਹੇ ਪੈਰ ਪੁਟੱਣ ਲੱਗੇ ਕਿ ....ਨ ਕੇਵਲ ਕਮਜ਼ੋਰੀਆਂ ਦੂਰ ਕੀਤੀਆਂ। ਸਗੋਂ ਨੇਕੀਆਂ'ਤੇ ਪੈਰ ਪੁਟੱਦੇ ਗਏ...ਉਨ੍ਹਾਂ ਨੇ ਰਬੱ ਨੂੰ ਰਾਜ਼ੀ ਕਰਨ ਲਈ ਉਹ ਤਕਲੀਫ਼ਾ ਚੁਕਿੱਆਂ। ਜਿਨ੍ਹਾਂ ਤੋਂ ਵਧੱ ਕੇ ਮਨੁਖੱ ਲਈ ਸੋਚਿਆ ਨਹੀਂ ਜਾ ਸਕਦਾ। ਉਨ੍ਹਾਂ ਨੇ ਰਬੱ ਦੀ ਰਾਹ'ਚ ਆਪਣੀ ਜਾਨਾਂ ਦਾ ਮਿੱਟੀ ਵਾਂਗ ਵੀ ਮਾਣ ਨਹੀਂ ਕੀਤਾ। ਅੰਤ ਉਹ ਕਬੂਲ ਕੀਤੇ ਗਏ ਅਤੇ ਰਬੱ ਨੇ ਉਨ੍ਹਾਂ ਦੇ ਦਿਲ੍ਹਾਂ ਨੂੰ ਪਾਪ ਤੋਂ ਬਿਲਕੁੱਲ ਵਖੱ ਕਰ'ਤਾ ਅਤੇ ਨੇਕੀ ਦੀ ਇੱਛਾ ਪਾ'ਤੀ। ਸੋ ਇਹ ਹੈ ਕੁਰਆਨ ਸ਼ਰੀਫ਼ ਦਾ ਉਨ੍ਹਾਂ'ਤੇ ਪ੍ਰਭਾਵ ਕਿ ਉਹ ਜ਼ਮੀਨ ਤੋਂ ਉੱਠੇ ਅਤੇ ਆਕਾਸ਼ ਦੇ ਚਮਕਦਾਰ ਸਿਤਾਰੇ ਬਣ ਗਏ। ਜਿਨ੍ਹਾਂ ਬਾਰੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਉਨ੍ਹਾਂ'ਚੋਂ ਹਰ ਇਕੱ ਤੁਹਾਡੇ ਲਈ ਮਾਰਗ ਦਰਸ਼ਕ ਹੈ।

ਕੁਰਆਨ ਸ਼ਰੀਫ਼ ਦੀ ਪੈਰਵੀ ਨਾਲ ਮਨੁਖੱ ਰਬੱ ਦੀ ਸਿਫ਼ਤਾਂ ਦਾ ਪ੍ਰਕਟਾਵਾ ਬਣ ਜਾਂਦਾ ਹੈ। ਇਸ ਬਾਰੇ ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ : ਜੋ ਕੁਰਆਨ ਸ਼ਰੀਫ਼ ਦੀ ਪੈਰਵੀ ਕਰਕੇ ਮੁਹਬਤੱ ਅਤੇ ਸਿਦਕ ਨੂੰ ਅੰਤ ਤਕੱ ਪਹੁੰਚਾ ਦਿੰਦਾ ਹੈ। ਉਹ ਪਰਤੋਹ ਵੱਜੋਂ ਰਬੱ ਦੀ ਸਿਫ਼ਤਾਂ ਦਾ ਪ੍ਰਕਟਾਵਾ ਹੋ ਜਾਂਦਾ ਹੈ। ਇਹ ਸਾਰਾ ਨਤੀਜਾ ਉਸ ਤਾਕਤ ਅਤੇ ਖ਼ੂਬੀ ਦਾ ਹੁੰਦਾ ਹੈ। ਜੋ ਰਬੱ ਦੇ ਕਲਾਮ ਕੁਰਆਨ ਸ਼ਰੀਫ਼'ਚ ਅਸੀਂ ਪੜ੍ਹਦੇ ਹਾਂ। ਫ਼ਰਮਾਇਆ : ਮੈਂ ਕੁਰਆਨ ਕਰੀਮ'ਚ ਇਕੱ ਜ਼ਬਰਦਸਤ ਤਾਕਤ ਪਾਈ ਹੈ, ਮੈਂ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਪੈਰਵੀ'ਚ ਇਕੱ ਅਜੀਬ ਖ਼ੂਬੀ ਵੇਖੀ ਹੈ ਅਤੇ ਉਹ ਇਹ ਹੈ ਕਿ ਸੱਚੀ ਪੈਰਵੀ ਕਰਨ ਵਾਲਾ ਵਿਲਾਯਤ ਦੇ ਦਰਜੇ ਤਕੱ ਪਹੁੰਚ ਜਾਂਦਾ ਹੈ।

ਕੁਰਆਨ ਸ਼ਰੀਫ਼ ਦੀ ਖ਼ੂਬੀਆਂ ਬਿਆਨ ਕਰਦੇ ਹੋਏ ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ : ਕੁਰਆਨ ਸ਼ਰੀਫ਼ ਦੀ ਚਾਰ ਖ਼ੂਬੀਆਂ ਹਨ। ਪਹਿਲੀ ਖ਼ੂਬੀ ਕੁਰਆਨ ਸ਼ਰੀਫ਼ ਦੀ ਸ਼ਾਨਦਾਰ ਸਾਹਿਤਕ ਭਾਸ਼ਾ ਹੈ। ਜੋ ਮਨੁੱਖੀ ਭਾਸ਼ਾ ਤੋਂ ਬਿਲਕੁਲੱ ਵਖੱ ਹੈ। ਦੂਜੀ ਖ਼ੂਬੀ ਇਹ ਹੈ ਕਿ ਜਿਨ੍ਹੇ ਉਸ ਨੇ ਕਿੱਸੇ ਬਿਆਨ ਕੀਤੇ ਹਨ। ਅਸਲ'ਚ ਉਹ ਭਵਿਖੱਬਾਣੀਆਂ

ਹਨ। ਤੀਜੀ ਖ਼ੂਬੀ ਇਹ ਹੈ ਕਿ ਕੁਰਆਨ ਸ਼ਰੀਫ਼ ਦੀ ਸਿਖਿੱਆ ਮਨੁਖੀ ਸਰਿਸ਼ਤ ਨੂੰ ਉਸ ਦੇ ਕਮਾਲ ਤਕੱ ਪਹੁੰਚਾਉਣ ਲਈ ਸੰਪੂਰਨ ਸਮਗਰੀ ਆਪਣੇ ਅੰਦਰ ਰਖੱਦੀ ਹੈ। ਚੌਥੀ ਵੱਡੀ ਖ਼ੂਬੀ ਇਹ ਹੈ ਕਿ ਉਹ ਸੰਪੂਰਨ ਪੈਰਵੀ ਕਰਨ ਵਾਲਿਆਂ ਨੂੰ ਰਬੱ ਦੇ ਇੰਞ ਨੇੜ੍ਹੇ ਕਰ ਦਿੰਦਾ ਹੈ ਕਿ ਉਹ ਰਬੱ ਨਾਲ ਗਲੱ੍ਹ ਕਰਨ ਦਾ ਸੁਭਾਗ ਪ੍ਰਾਪਤ ਕਰ ਲੈਂਦਾ ਹੈ ਅਤੇ ਖੁੱਲ੍ਹੇ ਖੁੱਲ੍ਹੇ ਨਿਸ਼ਾਨ ਉਸ ਤੋਂ ਪ੍ਰਕਟ ਹੁੰਦੇ ਹਨ। ਫ਼ਰਮਾਇਆ ਕਿ ਕੁਰਆਨ ਸ਼ਰੀਫ਼ ਇਕੱ ਅਜੀਹੀ ਕਿਤਾਬ ਹੈ। ਜਿਸ ਦੀ ਪੈਰਵੀ ਦੇ ਨਤੀਜੇ'ਚ ਦੁਆਵਾਂ ਕਬੂਲ ਹੁੰਦੀਆਂ ਹਨ।

ਕੁਰਆਨ ਕਰੀਮ ਦੇ ਚਮਤਕਾਰੀ ਪ੍ਰਭਾਵਾਂ'ਚੋਂ ਇਕੱ ਇਹ ਵੀ ਹੈ ਕਿ ਉਸ ਦੀ ਸੰਪੂਰਨ ਪੈਰਵੀ ਕਰਨ ਵਾਲੇ ਕਬੂਲੀਅਤ ਦਾ ਦਰਜਾ ਪਾ ਲੈਂਦੇ ਹਨ ਅਤੇ ਉਨ੍ਹਾਂ ਦੀਆਂ ਦੁਆਵਾਂ ਕਬੂਲ ਹੋ ਕੇ ਰਬੱ ਆਪਣੇ ਪਿਆਰੇ ਅਤੇ ਰੋਹਬਦਾਰ ਕਲਾਮ ਰਾਹੀਂ ਉਨ੍ਹਾਂ ਨੂੰ ਸੂਚਿਤੱ ਵੀ ਕਰਦਾ ਹੈ ਅਤੇ ਖਾਸ ਤੌਰ'ਤੇ ਵਿਰੋਧੀਆਂ ਦੇ ਮੁਕਾਬਲੇ'ਚ ਉਨ੍ਹਾਂ ਦੀ ਮਦਦ ਵੀ ਕਰਦਾ ਹੈ।

ਕੁਰਆਨ ਸ਼ਰੀਫ਼ ਦੇ ਪ੍ਰਭਾਵਾਂ ਸੰਬੰਧੀ ਹਜ਼ੂਰੇ ਅਨਵਰ ਫ਼ਰਮਾਉਂਦੇ ਹਨ ਕਿ ਰਬੱ ਦੀ ਵਡਿੱਆਈ ਅਤੇ ਡਰ ਦਾ ਉਹ ਯਕੀਨ ਚਾਹੀਦਾ ਹੈ। ਜੋ ਸੁਸਤੀ ਦੇ ਪਰਦੀਆਂ ਨੂੰ ਪਾਸ਼ ਪਾਸ਼ ਕਰ ਦੇਵੇ ਅਤੇ ਸ਼ਰੀਰ'ਤੇ ਇਕੱ ਕੰਬਣੀ ਛਿੱੜ੍ਹ ਜਾਵੇ ਅਤੇ ਮੌਤ ਨੂੰ ਕਰੀਬ ਕਰਕੇ ਵਿਖਾ ਦੇਵੇ ਅਤੇ ਅਜੀਹਾ ਡਰ ਦਿਲ੍ਹ'ਤੇ ਪ੍ਰਭਾਵ ਪਾਏ। ਜਿਸ ਨਾਲ ਪਾਪ ਦਾ ਆਦੇਸ਼ ਦੇਣ ਵਾਲਿਆਂ ਤਾਰਾਂ ਟੁੱਟ ਜਾਣ ਅਤੇ ਮਨੁਖੱ ਇਕੱ ਲੁਕਵੇਂ ਹਥੱ ਨਾਲ ਰਬੱ ਵਲ੍ਹੱ ਖਿਚਿੱਆ ਜਾਵੇ ਅਤੇ ਉਸ ਦਾ ਦਿਲ੍ਹ ਇਸ ਵਿਸ਼ਵਾਸ ਨਾਲ ਭਰ ਜਾਵੇ ਕਿ ਅਸਲ'ਚ ਰਬੱ ਮੌਜੂਦ ਹੈ। ਜੋ ਮੁਜਰਿਮ ਨੂੰ ਸਜ਼ਾ ਤੋਂ ਬਿਨਾਂ ਨਹੀਂ ਛਡੱਦਾ। ਮੈਂ ਹਰ ਇਕੱ'ਤੇ ਇਹ ਗਲੱ੍ਹ ਪ੍ਰਕਟ ਕਰਦਾ ਹਾਂ ਕਿ ਉਹ ਕਿਤਾਬ ਜੋ ਇਨ੍ਹਾਂ ਲੋੜ੍ਹਾਂ ਨੂੰ ਪੂਰਾ ਕਰਦੀ ਹੈ ਕੁਰਆਨ ਸ਼ਰੀਫ਼ ਹੈ। ਕੁਰਆਨ ਸ਼ਰੀਫ਼ ਦੀ ਪੈਰਵੀ ਕਰਨ ਵਾਲੇ ਮਨੁਖੱ ਨੂੰ ਰਬੱ ਆਪ ਵਿਖਾਉਂਦਾ ਹੈ ਅਤੇ ਫ਼ਰਿਸ਼ਤੀਆਂ ਦੇ ਸੰਸਾਰ ਦੀ ਸੈਰ ਕਰਵਾਉਂਦਾ ਹੈ ਅਤੇ ਆਪਣੇ ਮੌਜੂਦ ਹੋਣ ਦੀ ਆਵਾਜ਼ ਨਾਲ ਆਪ ਆਪਣੀ ਹਸਤੀ ਦੀ ਉਸ ਨੂੰ ਖਬਰ ਦਿੰਦਾ ਹੈ।

ਇਸ ਗਲੱ੍ਹ ਨੂੰ ਬਿਆਨ ਕਰਦੇ ਹੋਏ ਕਿ ਕੁਰਆਨ ਸ਼ਰੀਫ਼ ਦਵੈਤਵਾਦ ਤੋਂ ਮੁਕਤੀ ਦਾ ਸਾਧਨ ਹੈ। ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ : ਜਿਹੜ੍ਹਾ ਕੁਰਆਨ ਸ਼ਰੀਫ਼ ਨੇ ਇਕੱ ਇਸ਼ਵਰਵਾਦ ਦਾ ਬੀਹ ਅਰਬ, ਫ਼ਾਰਸ, ਮਿਸਰ, ਸ਼ਾਮ, ਹਿੰਦ, ਚੀਨ, ਅਫ਼ਗਾਨਿਸਤਾਨ ,ਕਸ਼ਮੀਰ ਆਦਿ'ਚ ਲਾਇਆ ਹੈ ਅਤੇ ਬਥੇਰੇ ਸ਼ਹਿਰਾਂ'ਚੋਂ ਦਵੈਤਵਾਦ ਅਤੇ ਲੋਕ ਪੂਜਾ ਦਾ ਬੀਹ ਜੜ੍ਹੋਂ ਪੁਟਿੱਆ ਹੈ। ਇਹ ਇਕੱ ਅਜੀਹੀ ਕਾਰਵਾਈ ਹੈ। ਜਿਸ ਦੀ ਮਿਸਾਲ ਕਿਸੇ ਜ਼ਮਾਨੇ'ਚ ਨਹੀਂ ਪਾਈ ਜਾਂਦੀ

ਕੁਰਆਨ ਸ਼ਰੀਫ਼ ਦੀ ਸਿਖਿੱਆ ਉਚੱਤਮ ਦਰਜੇ ਦੀ ਸਿਖਿੱਆ ਹੈ। ਇਸ ਬਾਰੇ ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ : ਉਹ ਕਿਤਾਬ ਜੋ ਅਥਾਹ ਹਨ੍ਹੇਰ'ਚ ਆਈ। ਉਸ ਲਈ ਉਚੱਤਮ ਸਿਖਿੱਆ ਦੀ ਲੋੜ੍ਹ ਸੀ। ਉਹ ਕਿਤਾਬ ਜੋ ਉਨ੍ਹਾਂ ਲੋਕਾਂ ਦੀ ਸਿਖੱਲਾਈ ਲਈ ਆਈ। ਜਿਨ੍ਹਾਂ ਦੇ ਦਿਲ੍ਹਾਂ'ਚ ਗਲਤ ਵਿਸ਼ਵਾਸ ਫ਼ੈਲ ਚੁਕੇਂ ਸਨ ਅਤੇ ਗੰਦੇ ਕੰਮ ਇਕੱ ਆਦਤ ਦੇ ਹੁਕਮ'ਚ ਹੋ ਗਏ ਸਨ।

ਕੁਰਆਨ ਸ਼ਰੀਫ਼ ਦੇ ਵਿਸ਼ਵਵਿਆਪੀ ਕਿਤਾਬ ਹੋਣ ਬਾਰੇ ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ : ਜਦੋਂ ਮਨੁਖੱ ਨੇ ਸੰਸਾਰ ਦੀ ਆਬਾਦੀ'ਚ ਤਰੱਕੀ ਕੀਤੀ ਅਤੇ ਮੇਲ ਜੋਲ੍ਹ ਲਈ ਰਾਹ ਖੁੱਲ੍ਹੇ ਅਤੇ ਇਕੱ ਦੇਸ਼ ਦੇ ਲੋਕਾਂ ਨੂੰ ਦੂਜੇ ਦੇਸ਼ ਦੇ ਲੋਕਾਂ ਨਾਲ ਮੇਲ ਜੋਲ੍ਹ ਦੇ ਸਬਬ ਬਣੇ ਅਤੇ ਇਸ ਗਲੱ੍ਹ ਦਾ ਗਿਆਨ ਹੋ ਗਿਆ ਕਿ ਜ਼ਮੀਨ'ਚ ਕਿੱਥੇ-ਕਿੱਥੇ ਮਨੁਖੱ ਵਸੱਦੇ

ਹਨ ਅਤੇ ਰਬੱ ਦਾ ਇਰਾਦਾ ਹੋਇਆ ਕਿ ਇਨ੍ਹਾਂ ਨੂੰ ਮੁੜ੍ਹ ਇਕੱ ਕੌਮ ਵਾਂਗ ਬਣਾ ਦੇਵੇ ਅਤੇ ਖਿੰਡਰਣ ਮਗਰੋਂ ਮੁੜ੍ਹ ਇਕੱਤਰ ਕੀਤਾ ਜਾਵੇ। ਤਦੱ ਰਬੱ ਨੇ ਸਾਰੇ ਲੋਕਾਂ ਲਈ ਇਕੱ ਕਿਤਾਬ ਭੇਜੀ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਕੁਰਆਨ ਸ਼ਰੀਫ਼ ਦੀਆਂ ਚਾਰ ਇਲਤਾਂ (ਕਾਰਨ) ਦੱਸਿਆਂ ਹਨ। ਪਹਿਲੀ ਇਲੱਤੇ ਫਾਇਲੀ ਅਰਥਾਤ ਇਸ ਨੂੰ ਕਰਨ ਵਾਲਾ ਕੌਣ ਹੈ ਅਤੇ ਇਸ ਦੇ ਕਾਰਨ ਕੀ ਹਨ। ਦੂਜੀ ਇਲੱਤੇ ਸੂਰੀ ਅਰਥਾਤ ਪ੍ਰਕਟ ਅਤੇ ਅਮਲੀ ਕਾਰਨ ਉਸ ਦੇ ਕੀ ਹਨ। ਇਲੱਤੇ ਫਾਇਲੀ ਬਾਰੇ ਫ਼ਰਮਾਇਆ الم - اَ نَا اللّٰهُ اَعلَمُ ਮੈਂ ਰਬੱ ਸਭ ਤੋਂ ਵਧੱ ਜਾਨਣ ਵਾਲਾ ਹਾਂ। ਇਲੱਤੇ ਮਾਦੀ ذٰلِکَ الکِتَابُ ਅਰਥਾਤ ਇਹ ਕਿਤਾਬ ਰਬੱ ਵੱਲੋਂ ਆਈ ਹੈ। ਜੋ ਸਭ ਤੋਂ ਵਧੱ ਗਿਆਨ ਰਖੱਦਾ ਹੈ। ਇਸ ਤੇ ਤੁਰ ਕੇ ਹਕੀਕੀ ਲਾਭ ਪ੍ਰਾਪਤ ਕੀਤੇ ਜਾ ਸਕਦੇ ਹਨ। ਇਲੱਤੇ ਸੂਰੀ لَا رَیبَ فِیہِ ਅਰਥਾਤ ਇਸ ਕਿਤਾਬ ਦੀ ਖ਼ੂਬੀ ਅਤੇ ਕਮਾਲ ਇਹ ਹੈ ਕਿ ਇਸ'ਚ ਕਿਸੇ ਕਿਸਮ ਦਾ ਸ਼ਕੱ ਜਾਂ ਸ਼ੰਕਾ ਨਹੀਂ ਹੈ। ਜੋ ਗਲੱ ਹੈ, ਉਹ ਪੱਕੀ ਅਤੇ ਜੋ ਦਾਅਵਾ ਹੈ, ਉਹ ਦਲੀਲਾਂ ਵਾਲਾ ਅਤੇ ਰੌਸ਼ਨ ਹੈ। ਇਸ ਕਿਤਾਬ ਦੀ ਇਲੱਤੇ ਗਾਈ ਹੈ هُدًی لِلمُتقِینَ ਅਰਥਾਤ ਇਸ ਕਿਤਾਬ ਦਾ ਉਦੇਸ਼ ਇਹ ਹੈ ਕਿ ਆਸਥਾ ਭਰਪੂਰ ਲੋਕਾਂ ਨੂੰ ਹਦਾਯਤ ਬਖ਼ਸ਼ੇ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਅਜੱ ਕਲ੍ਹ ਦੇ ਮੌਲਵੀਆਂ ਨੇ ਕੁਰਆਨ ਸ਼ਰੀਫ਼ ਦੀ ਸਿਖਿੱਆ ਨੂੰ ਇੰਝ ਪੈਸ਼ ਕੀਤਾ ਹੈ ਕਿ ਵਿਰੋਧੀਆਂ ਨੂੰ ਇਸ'ਤੇ ਦੋਸ਼ ਲਾਉਣ ਦਾ ਮੌਕਾ ਦਿੱਤਾ ਗਿਆ ਹੈ। ਅਜੱ ਇਹ ਸਾਡਾ ਅਹਮਦੀਆਂ ਦਾ ਕੰਮ ਹੈ ਕਿ ਆਪਣੇ ਅੰਦਰ ਸ਼ਰਧਾ ਪੈਦਾ ਕਰਦੇ ਹੋਏ। ਇਸ ਸਿਖਿੱਆ ਦੀ ਖ਼ੂਬੀਆਂ ਨੂੰ ਆਪਣੇ ਕਥਨ ਅਤੇ ਕਰਮ ਤੋਂ ਪ੍ਰਮਾਣਿਤ ਕਰੀਏ। ਸੰਸਾਰ ਨੂੰ ਦੱਸੇ ਕਿ ਕੁਰਆਨ ਸ਼ਰੀਫ਼ ਹੀ ਸਾਰੀਆਂ ਬੀਮਾਰੀਆਂ ਦਾ ਇਲਾਜ ਹੈ। ਰਬੱ ਸਾਨੂੰ ਸ਼ਰਧਾ ਨਾਲ ਤੁਰਦੇ ਹੋਏ। ਇਸ'ਤੇ ਅਮਲ ਕਰਨ ਦੀ ਸ਼ਕਤੀ ਬਖ਼ਸ਼ੇ। ਆਮੀਨ

ਖ਼ੁਤਬੇ ਦੇ ਅੰਤ'ਚ ਹਜ਼ੂਰੇ ਅਨਵਰ ਨੇ ਬੰਗਲਾਦੇਸ਼, ਪਾਕਿਸਤਾਨ, ਬਰਕੀਨਾ ਫ਼ਾਸੋ ਅਤੇ ਅਲੱ-ਜਜ਼ਾਇਰ ਦੇ ਅਹਮਦੀਆਂ ਲਈ ਦੁਆ ਦੀ ਤਹਰੀਕ ਕੀਤੀ। ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਬੰਗਲਾਦੇਸ਼'ਚ ਅਜੱ ਕਲ੍ਹ ਜਲਸਾ ਸਲਾਨਾ ਹੋ ਰਿਹਾ ਸੀ। ਉੱਥੇ ਵਿਰੋਦੀਆਂ ਨੇ ਹਮਲਾ ਕਰ'ਤਾ ਸੀ। ਕਈ ਲੋਕ ਖ਼ਤਰਨਾਕ ਜ਼ਖ਼ਮੀ ਵੀ ਹੋਏ ਹਨ। ਅਹਮਦੀਆਂ ਦੇ ਘਰਾਂ ਨੂੰ ਸਾੜ੍ਹਾ ਵੀ ਹੈ। ਰਬੱ ਅਹਮਦੀਆਂ ਨੂੰ ਇਨ੍ਹਾਂ ਤੋਂ ਬਚਾਵੇ ਅਤੇ ਇਨ੍ਹਾ ਦੀ ਪਕੜ੍ਹ ਦਾ ਸਮਾਨ ਕਰੇ

ਇੰਝ ਹੀ ਪਾਕਿਸਤਾਨ ਦਾ ਹਾਲਾਤਾਂ ਲਈ ਵੀ ਦੁਆ ਕਰੋ। ਰਬੱ ਉੱਥੇ ਵੀ ਅਹਮਦੀਆ ਦੇ ਹਾਲਾਤ ਠੀਕ ਕਰੇ ਬਰਕੀਨਾ ਫ਼ਾਸੋ'ਚ ਵੀ ਖਤਰਾ ਬਣਿਆ ਹੋਇਆ ਹੈ। ਉੱਥੇ ਲਈ ਵੀ ਦੁਆ ਕਰੋ। ਇੰਝ ਹੀ ਅਲੱ-ਜਜ਼ਾਇਰ'ਚ ਵੀ ਅਹਮਦੀਆਂ'ਤੇ ਕੁੱਝ ਮੁਕਦਮੇ ਹਨ। ਉਨ੍ਹਾ ਲਈ ਵੀ ਦੁਆ ਕਰੋ। ਰਬੱ ਹਰ ਥਾਂ ਅਹਮਦੀਆਂ ਨੂੰ ਬਚਾ ਕੇ ਰੱਖੇ। ਸਾਨੂੰ ਰਬੱ ਦੇ ਵੱਲ੍ਹ ਝੁਕੱਣਾ ਚਾਹੀਦਾ ਹੈ। ਰਬੱ ਤੋਂ ਦੁਆ ਕਰਨੀ ਚਾਹੀਦੀ ਹੈ। ਰਬੱ ਸਾਡੇ ਇਨ੍ਹਾਂ ਭਰਾਵਾਂ ਦੀ ਔਕੜ੍ਹਾਂ ਨੂੰ ਛੇਤੀ ਤੋਂ ਛੇਤੀ ਦੂਰ ਕਰੇ। ਆਮੀਨ

اَلْحَمْدُ لِلّٰهِ! اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ اَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ وَنَشْهَدُ اَنْ لَّا اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ عِبَادَ اللّٰهِ رَحِمَكُمُ اللّٰهُ اِنَّ اللّٰهَ يَاْمُرُ بِالْعَدْلِ وَالْاِحْسَانِ وَاِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ۔